# ਧਮਕੀ ਅਤੇ ਉਤਪੀੜਣ ਵਿਰੋਧੀ ਨੀਤੀ

ਸਾਡਾ ਇਹ ਅਟੱਲ ਵਿਸ਼ਵਾਸ ਹੈ ਕਿ ਕਿਸੇ ਵੀ ਤਰ੍ਹਾਂ ਦੀ ਧਮਕੀ ਜਾਂ ਉਤਪੀੜਣ ਕਦੇ ਵੀ ਉਚਿਤ ਸਾਬਿਤ ਨਹੀਂ ਹੁੰਦੇ ਹਨ।

*ਪ੍ਰਕਾਸ਼ਿਤ: 15 ਦਸੰਬਰ 2021*

*ਸੰਸਕਰਣ: 2*

*ਸਮੱਗਰੀ ਦੇ ਮਾਲਕ: Safe practice*

Girlguiding ਦਾ ਇਹ ਅਟੱਲ ਵਿਸ਼ਵਾਸ ਹੈ ਕਿ ਕਿਸੇ ਵੀ ਤਰ੍ਹਾਂ ਦੀ ਧਮਕੀ ਜਾਂ ਉਤਪੀੜਣ ਕਦੇ ਵੀ ਉਚਿਤ ਸਾਬਿਤ ਨਹੀਂ ਹੁੰਦੇ ਹਨ।

ਇਹ ਨੀਤੀ ਧਮਕਾਉਣ ਅਤੇ ਉਤਪੀੜਣ ਪ੍ਰਤੀ Girlguiding ਦੇ ਜ਼ੀਰੋ ਟੋਲਰੈਂਸ (ਬਿਲਕੁਲ ਵੀ ਸਹਿਣ ਨਾ ਕਰਨ) ਦਾ ਦ੍ਰਿਸ਼ਟੀਕੋਣ ਨਿਰਧਾਰਤ ਕਰਦੀ ਹੈ। ਇਹ ਸਾਰੇ Girlguiding ਸਦੱਸਾਂ, ਸਵੈਸੇਵਕਾਂ ਅਤੇ ਕਰਮਚਾਰੀਆਂ 'ਤੇ ਲਾਗੂ ਹੁੰਦੀ ਹੈ।

ਇਹ ਵਰਣਨ ਕਰਦੀ ਹੈ ਕਿ ਅਸੀਂ ਧਮਕਾਉਣ ਅਤੇ ਉਤਪੀੜਣ ਦਾ ਕੀ ਮਤਲਬ ਕੱਢਦੇ ਹਾਂ, ਅਸੀਂ ਆਪਣੇ ਸਦੱਸਾਂ, ਸਵੈਸੇਵਕਾਂ ਅਤੇ ਕਰਮਚਾਰੀਆਂ ਤੋਂ ਕਿਵੇਂ ਕੰਮ ਅਤੇ ਵਿਵਹਾਰ ਕਰਨ ਦੀ ਉਮੀਦ ਕਰਦੇ ਹਾਂ, ਅਤੇ ਅਸੀਂ ਇਸ ਨੀਤੀ ਦੇ ਉਲੰਘਣਾਂ ਦਾ ਪ੍ਰਬੰਧ ਕਿਵੇ ਕਰਾਂਗੇ।

ਇਸ ਬਾਰੇ ਵੇਰਵਿਆਂ ਲਈ ਕਿ ਧਮਕਾਉਣ ਅਤੇ ਉਤਪੀੜਣ ਦੀ ਰਿਪੋਰਟ ਕਿਵੇਂ ਕਰਨੀ ਹੈ, ਸਾਡੀਆਂ ਧਮਕੀ ਅਤੇ ਉਤਪੀੜਣ ਵਿਰੋਧੀ ਕਾਰਜਵਿਧੀਆਂ ਨੂੰ ਪੜ੍ਹੋ।

## ਧਮਕਾਉਣਾ ਕੀ ਹੁੰਦਾ ਹੈ?

ਧਮਕਾਉਣਾ ਅਜਿਹਾ ਸੋਚਿਆ-ਸਮਝਿਆ ਵਿਵਹਾਰ ਹੈ ਜਿਸ ਕਰਕੇ ਕਿਸੇ ਹੋਰ ਵਿਅਕਤੀ ਜਾਂ ਲੋਕਾਂ ਨੂੰ ਸਰੀਰਕ ਜਾਂ ਭਾਵਨਾਤਮਕ ਨੁਕਸਾਨ ਪਹੁੰਚਦਾ ਹੈ। ਇਹ, ਬੰਦ ਕਰਨ ਲਈ ਕਹੇ ਜਾਣ 'ਤੇ ਵੀ, ਵਾਰ-ਵਾਰ ਹੁੰਦਾ ਹੈ। ਇਹ ਅਕਸਰ ਧਮਕਾਉਣ ਵਾਲੇ ਅਤੇ ਧਮਕਾਏ ਜਾ ਰਹੇ ਵਿਅਕਤੀ ਦੇ ਵਿੱਚਕਾਰ, ਤਾਕਤ ਦੇ ਅਸੰਤੁਲਣ, ਜਾਂ ਤਾਕਤ ਦੇ ਗਿਆਤ ਅਸੰਤੁਲਣ ਉੱਤੇ ਆਧਾਰਿਤ ਹੁੰਦਾ ਹੈ। ਅਤੇ ਇਹ ਲਗਾਤਾਰ ਅਤੇ ਤੀਬਰ ਹੋ ਸਕਦਾ ਹੈ।
ਧਮਕਾਉਣਾ, ਧਮਕਾਏ ਜਾ ਰਹੇ ਵਿਅਕਤੀ ਦੀ ਸਰੀਰਕ ਅਤੇ ਭਾਵਨਾਤਮਕ ਤੰਦਰੁਸਤੀ ਉੱਤੇ ਲੰਮੇ-ਸਮੇਂ ਤਕ ਰਹਿਣ ਵਾਲਾ ਪ੍ਰਭਾਵ ਪਾ ਸਕਦਾ ਹੈ।

## ਉਤਪੀੜਣ ਕੀ ਹੈ?

ਉਤਪੀੜਣ ਅਣਚਾਹਿਆ ਵਿਵਹਾਰ ਹੈ ਜੋ ਕਿਸੇ ਵਿਅਕਤੀ ਨੂੰ ਅਪਮਾਨਜਨਕ ਲੱਗਦਾ ਹੈ, ਉਸ ਨੂੰ ਭੈਭੀਤ ਜਾਂ ਜਲੀਲ ਮਹਿਸੂਸ ਕਰਾਉਂਦਾ ਹੈ, ਜਾਂ ਵੈਰੀ ਜਾਂ ਬੇਇੱਜ਼ਤੀ ਵਾਲਾ ਮਾਹੌਲ ਪੈਦਾ ਕਰਦਾ ਹੈ।
ਸਮਾਨਤਾ ਅਧਿਨਿਯਮ 2010 ਵਿੱਚ ਵਰਣਨ ਅਨੁਸਾਰ ਸੁਰੱਖਿਅਤ ਵਿਸ਼ੇਸ਼-ਗੁਣਾਂ ਦੇ ਕਾਰਣ ਕਿਸੇ ਵਿਅਕਤੀ ਦੇ ਨਾਲ ਕੀਤੇ ਗਏ ਉਤਪੀੜਣ ਨੂੰ ਗੈਰ-ਕਾਨੂੰਨੀ ਪੱਖਪਾਤ ਮੰਨਿਆ ਜਾਂਦਾ ਹੈ। ਇਸ ਵਿੱਚ ਲਿੰਗਕ ਉਤਪੀੜਣ ਸ਼ਾਮਲ ਹੈ। ਇਹ ਨਾ ਸਿਰਫ਼ ਕਾਨੂੰਨ ਦੇ ਖਿਲਾਫ਼ ਹੈ, ਪਰ ਇਹ ਅੰਤਰਾਂ ਦੀ ਕਦਰ ਅਤੇ ਉਹਨਾਂ ਨੂੰ ਸਨਮਾਨ ਦੇਣ ਦੇ ਸਾਡੇ ਇਕਰਾਰ ਦੇ ਖਿਲਾਫ਼ ਵੀ ਜਾਂਦਾ ਹੈ। ਇਹ ਇਸ ਨੀਤੀ ਅਤੇ ਸਾਡੀ ਸਮਾਨਤਾ ਅਤੇ ਵਿਭਿੰਨਤਾ ਨੀਤੀ ਦੋਹਾਂ ਦਾ ਉਲੰਘਣ ਹੈ।

ਤੁਹਾਨੂੰ ਸਾਡੀ ਧਮਕਾਉਣ ਅਤੇ ਉਤਪੀੜਣ ਵਿਰੋਧੀ ਕਾਰਜਵਿਧੀ ਵਿੱਚ ਇਸ ਬਾਰੇ ਕਿ ਧਮਕਾਉਣ ਅਤੇ ਉਤਪੀੜਣ ਦੀ ਪਛਾਣ ਕਿਵੇਂ ਕਰਨੀ ਹੈ, ਨਾਲ ਹੀ ਸਬੰਧ-ਸੂਚਕ ਵਿਵਾਦ ਬਾਰੇ ਜ਼ਿਆਦਾ ਜਾਣਕਾਰੀ ਮਿਲ ਸਕਦੀ ਹੈ।

## ਨੀਤੀ ਦਾ ਕਥਨ

ਇਹ ਨੀਤੀ ਸਾਰੀਆਂ Girlguiding ਅਤੇ British Girlguiding Overseas ਵਿਵਸਥਾਵਾਂ ਅਤੇ ਗਤੀਵਿਧੀਆਂ 'ਤੇ ਲਾਗੂ ਹੁੰਦੀ ਹੈ ਜਿਵੇਂ ਕਿ ਯੂਨਿਟ ਬੈਠਕਾਂ, ਸਮਾਰੋਹ ਅਤੇ ਕਾਰਜ-ਸਥਾਨ।

ਇਹ Girlguiding ਦੇ ਸਾਰੇ, ਔਨਲਾਈਨ ਅਤੇ ਔਫਲਾਈਨ, ਸੰਚਾਰਾਂ ਅਤੇ ਵਿਵਹਾਰਾਂ 'ਤੇ ਲਾਗੂ ਹੁੰਦੀ ਹੈ।

ਅਸੀਂ ਸਾਰੇ Girlguiding ਸਵੈਸੇਵਕਾਂ, ਸਦੱਸਾਂ ਅਤੇ ਸਟਾਫ਼ (ਕਰਮਚਾਰੀਆਂ, ਅਫਸਰਾਂ, ਸਲਾਹਕਾਰਾਂ, ਠੇਕੇਦਾਰਾਂ, ਇੰਟਰਨਸ, ਅਨੇਮਤ ਮਜ਼ਦੂਰਾਂ ਅਤੇ ਏਜੰਸੀ ਮਜ਼ਦੂਰਾਂ ਸਮੇਤ) ਤੋਂ ਹੇਠ ਲਿਖਿਆ ਕਰਨ ਦੀ ਉਮੀਦ ਕਰਦੇ ਹਾਂ:

- ਸਾਡੀ ਸਮਾਨਤਾ ਅਤੇ ਵਿਭਿੰਨਤਾ ਨੀਤੀ ਦਾ ਪਾਲਣ ਕਰਕੇ ਹਰ ਕਿਸੇ ਨਾਲ ਇੱਜ਼ਤ ਅਤੇ ਸਨਮਾਨ ਨਾਲ ਵਿਵਹਾਰ ਕਰੋ, ਤਾਂ ਜੋ Girlguiding ਅਜਿਹੀ ਥਾਂ ਬਣੇ ਜਿੱਥੇ ਹਰ ਵਿਅਕਤੀ ਦਾ ਸੁਆਗਤ ਹੋਵੇ ਅਤੇ ਉਹ ਆਪਣੀ ਅਸਲੀ ਸ਼ਖਸੀਅਤ ਦਿਖਾ ਸਕੇ
- ਇੱਕ ਵਧੀਆ ਮਿਸਾਲ ਬਣ ਕੇ ਸਕਾਰਾਤਮਕ, ਸਮਾਵੇਸ਼ੀ ਵਿਵਹਾਰ ਨੂੰ ਵਧਾਵਾ ਦਿਓ ਅਤੇ ਜੋ ਇਹ ਨਹੀਂ ਕਰਦੇ ਹਨ, ਉਹਨਾਂ ਨੂੰ ਚੁਣੌਤੀ ਦਿਓ
- ਸੁਰੱਖਿਆ-ਪ੍ਰਬੰਧ ਦੇ ਪ੍ਰਭਾਵਸ਼ਾਲੀ ਵਿਵਹਾਰਾਂ ਦਾ ਪਾਲਣ ਕਰੋ
- ਅਜਿਹੇ ਵਿਵਹਾਰਾਂ ਬਾਰੇ ਸਚੇਤ ਰਹੋ ਜੋ ਸੰਭਵ ਤੌਰ 'ਤੇ ਧਮਕਾਉਣ ਜਾਂ ਉਤਪੀੜਣ ਦਾ ਸੁਝਾਅ ਦਿੰਦੇ ਹਨ
- ਤੁਸੀਂ ਜਿੰਨੀ ਛੇਤੀ ਸੰਭਵ ਹੋਵੇ, ਸਾਡੇ Safe Practice ਵਿਭਾਗ ਨੂੰ ਸੰਭਵ ਤੌਰ 'ਤੇ ਧਮਕਾਉਣ ਅਤੇ ਉਤਪੀੜਣ ਦੀ ਰਿਪੋਰਟ ਕਰੋ। ਜੇ ਤੁਸੀਂ ਕਰਮਚਾਰੀ ਸਦੱਸ ਹੋ, ਤਾਂ ਤੁਹਾਨੂੰ ਆਪਣੇ ਪ੍ਰਬੰਧਕ ਜਾਂ ਮਨੁੱਖੀ ਸੰਸਾਧਨ ਨੂੰ ਇਸਦੀ ਰਿਪੋਰਟ ਕਰਨੀ ਚਾਹੀਦੀ ਹੈ। ਜ਼ਿਆਦਾ ਜਾਣਕਾਰੀ ਲਈ, ਸਾਡੀਆਂ ਧਮਕਾਉਣ ਅਤੇ ਉਤਪੀੜਣ ਵਿਰੋਧੀ ਕਾਰਜਵਿਧੀਆਂ ਦੇਖੋ
- ਛੋਟੇ ਸਦੱਸਾਂ ਦੇ ਵਿੱਚਕਾਰ ਧਮਕਾਉਣ, ਉਤਪੀੜਣ ਜਾਂ ਸਬੰਧ-ਸੂਚਕ ਵਿਵਾਦ ਦੀਆਂ ਘਟਨਾਵਾਂ 'ਤੇ ਸਥਾਨਕ ਤੌਰ 'ਤੇ ਪ੍ਰਤੀਕਿਰਿਆ ਕਰੋ। ਸਥਾਨਕ ਕਮਿਸ਼ਨਰਾਂ ਦਾ ਫਾਇਦਾ ਲਵੋ ਅਤੇ ਜਿਵੇਂ ਢੁੱਕਵਾਂ ਹੋਵੇ, ਸਾਡੇ Safe Practice ਵਿਭਾਗ ਨੂੰ ਰਿਪੋਰਟ ਕਰੋ
- ਕਿਸੇ ਵੀ ਘਟਨਾਵਾਂ ਨਾਲ ਸਮੇਂ-ਸਿਰ ਅਤੇ ਪਾਰਦਰਸ਼ੀ ਢੰਗ ਨਾਲ ਨਿਪਟੋ ਕਿਉਂਕਿ Girlguiding ਦਾ ਆਪਣੇ ਸਵੈਸੇਵਕਾਂ ਦਾ ਧਿਆਨ ਰੱਖਣ ਦਾ ਫਰਜ਼ ਹੁੰਦਾ ਹੈ। ਜੇ ਕਿਸੇ ਸਵੈਸੇਵਕ ਨੂੰ ਕਿਸੇ ਛੋਟੇ ਸਦੱਸ ਦੇ ਮਾਤਾ-ਪਿਤਾ ਜਾਂ ਦੇਖਭਾਲਕਰਤਾ ਤੋਂ ਧਮਕਾਉਣ, ਉਤਪੀੜਣ ਜਾਂ ਹੋਰ ਅਢੁੱਕਵੇਂ ਵਿਵਾਹਰ ਦਾ ਅਨੁਭਵ ਹੁੰਦਾ ਹੈ, ਤਾਂ ਇਸ ਕਰਕੇ ਛੋਟਾ ਸਦੱਸ ਆਪਣੀ ਸਦੱਸਤਾ ਨੂੰ ਖਤਮ ਕਰ ਸਕਦਾ ਹੈ। ਇਸਦਾ ਵਰਣਨ ਸਾਡੀ ਛੋਟੇ ਸਦੱਸਾਂ ਦੀ ਨੀਤੀ ਵਿੱਚ ਕੀਤਾ ਗਿਆ ਹੈ।

## ਇਸ ਨੀਤੀ ਦੇ ਉਲੰਘਣਾਂ ਦਾ ਪ੍ਰਬੰਧ ਕਰਨਾ

ਅਸੀਂ ਸਾਡੀ ਬਾਲਗ਼ ਸਵੈਸੇਵਕਾਂ ਬਾਰੇ ਚਿੰਤਾਵਾਂ ਨਾਲ ਨਿਪਟਣ ਸਬੰਧੀ ਨੀਤੀ ਅਤੇ ਜਿੱਥੇ ਢੁੱਕਵਾਂ ਹੋਵੇ, ਸਾਡੀ ਸੁਰੱਖਿਆ-ਪ੍ਰਬੰਧ ਸਬੰਧੀ ਨੀਤੀ ਦੇ ਅਨੁਸਾਰ ਸਵੈਸੇਵਕਾਂ ਦੁਆਰਾ ਇਸ ਨੀਤੀ ਦੇ ਉਲੰਘਣ ਨਾਲ ਨਿਪਟਦੇ ਹਾਂ।

ਜੇ Girlguiding ਸਟਾਫ਼ ਦੇ ਸਦੱਸ ਇਸ ਨੀਤੀ ਦਾ ਉਲੰਘਣ ਕਰਦੇ ਹਨ, ਤਾਂ ਅਸੀਂ ਆਪਣੀ ਸਟਾਫ਼ ਦੀ ਅਨੁਸ਼ਾਸਨ-ਸਬੰਧੀ ਕਾਰਜਵਿਧੀ ਦਾ ਪਾਲਣ ਕਰਾਂਗੇ ਜੋ ਤੁਹਾਨੂੰ ਸਟਾਫ਼ ਇੰਟ੍ਰਾਨੈੱਟ 'ਤੇ ਮਿਲ ਸਕਦੀ ਹੈ।

# ਇੱਕ ਸਵੈਸੇਵਕ ਜਾਂ ਸਟਾਫ਼ ਦੇ ਸਦੱਸ ਵਜੋਂ ਵ੍ਹਿੱਸਲਬਲੋਇੰਗ (ਜਾਣਕਾਰੀ ਦਾ ਖੁਲਾਸਾ ਕਰਨਾ)

ਅਸੀਂ ਆਪਣੇ ਸਵੈਸੇਵਕਾਂ ਅਤੇ ਕਰਮਚਾਰੀਆਂ ਨੂੰ ਸੰਭਾਵੀ ਧਮਕਾਉਣ ਅਤੇ ਉਤਪੀੜਣ ਬਾਰੇ ਚਿੰਤਾਵਾਂ ਦੀ ਰਿਪੋਰਟ ਕਰਨ ਲਈ ਪ੍ਰੇਰਿਤ ਕਰਦੇ ਹਾਂ। ਪਰ ਅਸੀਂ ਜਾਣਦੇ ਹਾਂ ਕਿ ਤੁਹਾਨੂੰ ਇਹ ਮੁਸ਼ਕਲ ਜਾਂ ਅਸੁਖਾਵਾਂ ਲੱਗ ਸਕਦਾ ਹੈ। ਇਸ ਮਾਮਲੇ ਵਿੱਚ, ਅਸੀਂ ਤੁਹਾਨੂੰ ਪ੍ਰੇਰਿਤ ਕਰਦੇ ਹਾਂ ਕਿ ਤੁਸੀਂ ਸਾਡੀ ਵ੍ਹਿੱਸਲਬਲੋਇੰਗ ਨੀਤੀ ਅਤੇ ਕਾਰਜਵਿਧੀਆਂ ਦਾ ਪਾਲਣ ਕਰਕੇ ਇੱਕ ਰਿਪੋਰਟ ਕਰੋ।
ਤੁਹਾਨੂੰ ਸਾਡੀਆਂ ਧਮਕਾਉਣ ਅਤੇ ਉਤਪੀੜਣ ਵਿਰੋਧੀ ਕਾਰਜਵਿਧੀਆਂ ਵਿੱਚ ਇਸ ਬਾਰੇ ਜ਼ਿਆਦਾ ਜਾਣਕਾਰੀ ਮਿਲ ਸਕਦੀ ਹੈ ਕਿ ਇਸ ਨੀਤੀ ਦਾ ਇਸਤੇਮਾਲ ਕਿਵੇਂ ਕਰਨਾ ਹੈ।

**ਸਮਰਥਨ ਸੰਗਠਨ**

ACAS –ਯੂਕੇ ਰਹਿਣ ਵਾਲੇ ਕਰਮਚਾਰੀਆਂ ਲਈ ਮੁਫ਼ਤ ਮਨੁੱਖੀ ਸੰਸਾਧਨ ਸਮਰਥਨ ਅਤੇ ਕਾਨੂੰਨੀ ਮਦਦ।

Anti-Bullying Alliance –ਧਮਕਾਉਣ ਦੇ ਖਿਲਾਫ਼ ਇਕੱਠੇ ਹੋਏ ਸੰਗਠਨਾਂ ਅਤੇ ਵਿਅਕਤੀਆਂ ਦਾ ਗਠਬੰਧਨ।

BulliesOut – ਇੱਕ ਦਾਨੀ-ਸੰਗਠਨ ਜੋ ਧਮਕਾਉਣ ਨਾਲ ਸਬੰਧਤ ਸਿੱਖਿਆ, ਸਿਖਲਾਈ ਅਤੇ ਸਮਰਥਨ ਪ੍ਰਦਾਨ ਕਰਦਾ ਹੈ। ਨਾਲ ਹੀ, ਧਮਕੀ ਦਾ ਸ਼ਿਕਾਰ ਬਣੇ ਕਿਸੇ ਵਿਅਕਤੀ ਲਈ ਈਮੇਲ ਉੱਤੇ ਮੁਫ਼ਤ ਸਲਾਹਕਾਰ ਸੇਵਾ।

Childline –ਬੱਚਿਆਂ ਅਤੇ ਨੌਜਵਾਨਾਂ ਲਈ ਇੱਕ ਮੁਫ਼ਤ, ਗੁਪਤ ਹੈਲਪਲਾਈਨ। ਦਿਨ ਦੇ 24 ਘੰਟੇ ਸਲਾਹ ਅਤੇ ਸਮਰਥਨ ਪੇਸ਼ ਕੀਤਾ ਜਾਂਦਾ ਹੈ। ਧਮਕਾਉਣ ਸਬੰਧੀ ਮੁੱਦਿਆਂ ਬਾਰੇ ਉਹਨਾਂ ਦੀ ਵੈਬਸਾਈਟ ਉੱਤੇ ਇੱਕ ਪੂਰਾ ਸੈਕਸ਼ਨ ਉਪਲਬਧ ਹੈ।

Family Lives/Bullying UK –ਇੱਕ ਦਾਨੀ-ਸੰਗਠਨ ਜੋ ਧਮਕਾਉਣ ਨਾਲ ਪ੍ਰਭਾਵਿਤ ਹੋਏ ਕਿਸੇ ਵਿਅਕਤੀ ਲਈ ਸਲਾਹ ਅਤੇ ਸਮਰਥਨ ਪ੍ਰਦਾਨ ਕਰਦਾ ਹੈ।

Northern Ireland Anti-Bullying Forum –ਇੱਕ ਦਾਨੀ-ਸੰਗਠਨ ਜਿਸਦਾ ਉਦੇਸ਼ ਧਮਕਾਉਣ ਦਾ ਖਾਤਮਾ ਕਰਨਾ ਹੈ

NSPCC –ਯੂਕੇ ਦਾ ਆਗੂ ਬੱਚਿਆਂ ਦਾ ਦਾਨੀ-ਸੰਗਠਨ, ਜੋ ਬੱਚਿਆਂ ਨਾਲ ਬਦਸਲੂਕੀ ਬਾਰੇ ਜਾਣਕਾਰੀ ਪ੍ਰਦਾਨ ਕਰਦਾ ਹੈ

Refuge – ਹਿੰਸਾ ਅਤੇ ਬਦਸਲੂਕੀ ਦਾ ਸ਼ਿਕਾਰ ਬਣੀਆਂ ਔਰਤਾਂ ਅਤੇ ਬੱਚਿਆਂ ਦਾ ਸਮਰਥਨ ਕਰ ਰਿਹਾ ਦਾਨੀ-ਸੰਗਠਨ

RespectMe – ਸਕਾਟਲੈਂਡ ਦੀ ਧਮਕਾਉਣ-ਵਿਰੋਧੀ ਸੇਵਾ

Samaritans – ਇਹ ਯਕੀਨੀ ਬਣਾਉਣ ਲਈ ਕੰਮ ਕਰ ਰਿਹਾ ਦਾਨੀ-ਸੰਗਠਨ ਕਿ ਜ਼ਰੂਰਤਮੰਦ ਲੋਕਾਂ ਲਈ ਹਮੇਸ਼ਾ ਕੋਈ ਨਾ ਕੋਈ ਉਪਲਬਧ ਹੁੰਦਾ ਹੈ

Switchboard –LGBT+ ਬਰਾਦਰੀ ਦੀਆਂ ਸ਼ਿਕਾਇਤਾਂ ਨੂੰ ਗੁਪਤ ਰੂਪ ਵਿੱਚ ਸੁਣਨ ਵਾਲੀ ਇੱਕ ਸੇਵਾ

Victim Support –ਇੰਗਲੈਂਡ ਅਤੇ ਵੇਲਸ ਵਿੱਚ ਅਪਰਾਧ ਅਤੇ ਦੁਖਦਾਈ ਘਟਨਾਵਾਂ ਦੁਆਰਾ ਪ੍ਰਭਾਵਿਤ ਲੋਕਾਂ ਲਈ ਇੱਕ ਆਤਮ-ਨਿਰਭਰ ਦਾਨੀ-ਸੰਗਠਨ

YoungMinds –ਯੂਕੇ ਦਾ ਆਗੂ ਦਾਨੀ-ਸੰਗਠਨ ਜੋ ਬੱਚਿਆਂ ਅਤੇ ਨੌਜਵਾਨਾਂਦੀ ਮਾਨਸਿਕ ਸਿਹਤ ਲਈ ਲੜ ਰਿਹਾ ਹੈ

# ਹੋਰ ਜਾਣਕਾਰੀ

Respect for All –ਧਮਕਾਉਣ ਦਾ ਵਿਰੋਧ ਕਰਨ ਲਈ ਸਕਾਟਲੈਂਡ ਸਰਕਾਰ ਦਾ ਰਾਸ਼ਟਰੀ ਦ੍ਰਿਸ਼ਟੀਕੋਣ

Work and mental health (PDF) – ਦਾਨੀ-ਸੰਗਠਨ Mind ਦੁਆਰਾ ਪ੍ਰਕਾਸ਼ਿਤ ਇੱਕ ਸੰਸਾਧਨ

Advice from Mind on workplace bullying